# ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ

## ਦਫਤਰ:ਉਪ ਮੁੱਖ ਇੰਜੀਨੀਅਰ/ਇਨਕੁਆਰੀ ਏ-2, ਸ਼ਕਤੀ ਵਿਹਾਰ,ਪਟਿਆਲਾ।

ਦਫਤਰੀ ਹੁਕਮ ਨੰਬਰ/- 29 ਡੀ.ਐਸ.ਆਈ/ਡੀ-155/160 ਮਿਤੀ:- 20.05.2013

ਜਿਵੇਂ ਕਿ ਸ੍ਰੀ ਸੰਤ ਸਿੰਘ ਅਧੀਨ ਸਕੱਤਰ ਸੇਵਾਵਾਂ-1 ਹੁਣ ਉਪ ਸਕੱਤਰ (ਕੋਡ ਨੰਬਰ 107853) ਜਦੋਂ ਸੰਯੁਕਤ ਸਕੱਤਰ/ ਸਰਵਿਸਜ-1, ਪੀ.ਐਸ.ਪੀ.ਸੀ.ਐਲ. ਪਟਿਆਲਾ ਦੇ ਦਫਤਰ ਵਿਖੇ ਤੈਨਾਤ ਸੀ ਤਾਂ ਉਸ ਵੱਲੋਂ ਆਪਣੀ ਡਿਊਟੀ ਨਿਭਾਉਣ ਸਮੇਂ ਕੀਤੀਆਂ ਅਣਗਹਿਲੀਆਂ/ ਕੁਤਾਹੀਆਂ ਕਾਰਨ ਉਸ ਨੂੰ ਦੋਸ ਸੂਚੀ ਨੰਬਰ 10 ਮਿਤੀ 02.07.2012 ਉਸ ਵਿੱਚ ਦਰਸਾਏ ਗਏ ਦੋਸ਼ਾਂ ਲਈ ਸਮਰੱਥ ਅਧਿਕਾਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੀ ਗਈ।

ਜਿਵੇਂ ਕਿ ਸ੍ਰੀ ਸੰਤ ਸਿੰਘ ਅਧੀਨ ਸਕੱਤਰ ਸੇਵਾਵਾਂ-1 ਹੁਣ ਉਪ ਸਕੱਤਰ (ਕੋਡ ਨੰਬਰ 107853) ਵੱਲੋਂ ਉਸ ਨੂੰ ਜਾਰੀ ਦੋਸ ਸੂਚੀ ਦਾ ਦਿੱਤਾ ਗਿਆ ਜਵਾਬ ਅਤੇ ਉਸ ਵੱਲੋ ਦਿੱਤੇ ਜਵਾਬ ਉਪਰ ਸਬੰਧਿਤ ਉਚ-ਅਧਿਕਾਰੀਆਂ ਦੀਆਂ ਟਿੱਪਣੀਆਂ ਪ੍ਰਾਪਤ ਹੋਣ ਉਪਰੰਤ ਕੇਸ ਸਮਰੱਥ ਅਧਿਕਾਰੀ ਸੀ.ਐਮ.ਡੀ., ਪੀ.ਐਸ.ਪੀ.ਸੀ.ਐਲ.,ਪਟਿਆਲਾ ਜੀ ਨੂੰ ਫੈਸਲੇ ਲਈ ਪੇਸ਼ ਕੀਤਾ ਗਿਆ ਅਤੇ ਸਮਰੱਥ ਅਧਿਕਾਰੀ ਜੀ ਵੱਲੋਂ ਇਸ ਕੇਸ ਦੀ ਵਿਭਾਗੀ ਪੜਤਾਲ ਕਰਵਾਉਣ ਦੇ ਆਦੇਸ਼ ਦਿੱਤੇ ਗਏ।

ਜਿਵੇਂ ਕਿ ਸਮਰੱਥ ਅਧਿਕਾਰੀ ਜੀ ਵੱਲੋਂ ਦਿੱਤੀ ਪ੍ਰਵਾਨਗੀ ਅਨੁਸਾਰ ਉਪ ਸਕੱਤਰ/ਇੰਨਕੁਆਰੀ ਪੀ.ਐਸ.ਪੀ.ਸੀ.ਐਲ. ਪਟਿਆਲਾ ਦੇ ਦਫਤਰੀ ਹੁਕਮ ਨੰਬਰ 27/ਡੀ.ਐਸ.ਆਈ.-155/160 ਮਿਤੀ 20.12.2012 ਰਾਹੀਂ ਦੋਸ ਸੂਚੀ ਵਿੱਚ ਲਗਾਏ ਗਏ ਦੋਸ਼ਾਂ ਦੀ ਵਿਭਾਗੀ ਪੜਤਾਲ ਕਰਨ ਲਈ ਇੰਜੀ: ਬੀ.ਐਸ. ਅਰੋੜਾ ਨਿਗਰਾਨ ਇੰਜੀਨੀਅਰ ਪਲੈਨਿੰਗ ਪੀ.ਐਸ.ਪੀ.ਸੀ.ਐਲ., ਪਟਿਆਲਾ ਨੂੰ ਪੜਤਾਲ ਅਫਸਰ ਅਤੇ ਇੰਜੀ: ਰਾਜੇਸ ਗੁਪਤਾ ਏ.ਈ.ਈ. ਨੂੰ ਪੇਸਕਸ ਅਫਸਰ ਨਿਯੁਕਤ ਕੀਤਾ ਗਿਆ।

ਜਿਵੇਂ ਕਿ ਨਿਗਰਾਨ ਇੰਜੀਨੀਅਰ ਪਲੈਨਿੰਗ ਕਮ ਪੜਤਾਲ ਅਫਸਰ, ਪੀ.ਐਸ.ਪੀ.ਸੀ.ਐਲ, ਪਟਿਆਲਾ ਦੇ ਦਫਤਰ ਵੱਲੋਂ ਮੀਮੋ ਨੰਬਰ ਗਸ-11/ਨਿਗ:ਇੰਜੀ: ਪਨੈਲਿੰਗ-3 ਮਿਤੀ 06.03.2013 ਅਨੁਸਾਰ ਕੇਸ ਦੀ ਪੜਤਾਲ ਕਰਕੇ ਪੜਤਾਲ ਰਿਪੋਰਟ ਇਸ ਦਫਤਰ ਨੂੰ ਭੇਜੀ ਗਈ ਅਤੇ ਇਹ ਪੜਤਾਲ ਰਿਪੋਰਟ ਇਸ ਦਫਤਰ ਦੇ ਮੀਮੋ ਨੰਬਰ 276 ਮਿਤੀ 07.03.2013 ਅਨੁਸਾਰ ਰੀਬਟਲ ਲਈ ਅਧਿਕਾਰੀ ਨੂੰ ਦਸਤੀ ਭੇਜੀ ਗਈ ਅਤੇ ਅਧਿਕਾਰੀ ਦਾ ਰੀਬਟਲ ਇਸ ਦਫਤਰ ਵਿਖੇ ਪ੍ਰਾਪਤ ਨਹੀਂ ਹੋਇਆ।

ਜਿਵੇ ਕਿ ਸ੍ਰੀ ਸੰਤ ਸਿੰਘ ਅਧੀਨ ਸਕੱਤਰ ਸੇਵਾਵਾਂ-1 ਹੁਣ ਉਪ ਸਕੱਤਰ (ਕੋਡ ਨੰਬਰ 107853) ਵੱਲੋਂ ਉਸ ਨੂੰ ਜਾਰੀ ਦੋਸ ਸੂਚੀ ਦਾ ਦਿੱਤਾ ਗਿਆ ਜਵਾਬ,ਉਚ-ਅਧਿਕਾਰੀਆਂ ਦੀਆਂ ਟਿੱਪਣੀਆਂ,ਇੰਨਕੁਆਰੀ ਅਫਸਰ ਦੀ ਪੜਤਾਲ ਰਿਪੋਰਟ ਅਤੇ ਕੇਸ ਦੇ ਸਾਰੇ ਤੱਥਾਂ ਨੂੰ ਵਿਚਾਰਨ ਉਪਰੰਤ ਸੀ.ਐਮ.ਡੀ.,ਪੀ.ਐਸ.ਪੀ.ਸੀ.ਐਲ., ਪਟਿਆਲਾ ਜੀ ਵੱਲੋਂ ਅਧਿਕਾਰੀ ਸ੍ਰੀ ਸੰਤ ਸਿੰਘ ਅਧੀਨ ਸਕੱਤਰ ਸੇਵਾਵਾਂ-1 ਹੁਣ ਉਪ ਸਕੱਤਰ (ਕੋਡ ਨੰਬਰ 107853) ਨੂੰ ਦੋਸ਼ ਸੂਚੀ ਵਿੱਚ ਲਗਾਏ ਦੋਸ਼ਾਂ ਲਈ ਜ਼ਿੰਮੇਵਾਰ ਨਾ ਠਹਿਰਾਉਦੇ ਹੋਏ ਉਸ ਵਿਰੁੱਧ ਕੋਈ ਵੀ ਕਾਰਵਾਈ ਨਾ ਕਰਨ ਦੇ ਹੁਕਮ ਕੀਤੇ ਗਏ ਹਨ।

ਇਸ ਲਈ ਇਸ ਦਫਤਰੀ ਹੁਕਮ ਰਾਹੀ ਸਮਰੱਥ ਅਧਿਕਾਰੀ ਜੀ ਵੱਲੋਂ ਦਿੱਤੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸ੍ਰੀ ਸੰਤ ਸਿੰਘ ਅਧੀਨ ਸਕੱਤਰ ਸੇਵਾਵਾਂ-1 ਹੁਣ ਉਪ ਸਕੱਤਰ (ਕੋਡ ਨੰਬਰ 107853) ਨੂੰ ਜਾਰੀ ਦੋਸ਼ ਸੂਚੀ ਨੰਬਰ 10 ਮਿਤੀ 02.07.2012 ਠੱਪ ਕੀਤੀ ਜਾਂਦੀ ਹੈ।

ਇਹ ਸਮਰੱਥ ਅਧਿਕਾਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਉਪ ਮੁੱਖ ਇੰਜੀਨੀਅਰ/ਇੰਨਕੁਆਰੀ,
ਪੀ.ਐਸ.ਪੀ.ਸੀ.ਐਲ, ਪਟਿਆਲਾ।

ਪਿੰਠ ਅੰਕਣ ਨੰਬਰ/- 479/487 ਡੀ.ਐਸ.ਆਈ/ਡੀ-155/160 20.05.2013

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1) ਸੀਨੀਅਰ ਪੀ.ਐਸ.ਟੂ ਸੀ.ਐਮ.ਡੀ., ਪੀ.ਐਸ.ਪੀ.ਸੀ.ਐਲ., ਪਟਿਆਲਾ।
2) ਸੀਨੀਅਰ ਪੀ.ਐਸ. ਟੂ ਡਾਇਰੈਕਟਰ ਜਨਰੇਸ਼ਨ, ਪੀ.ਐਸ.ਪੀ.ਸੀ.ਐਲ., ਪਟਿਆਲਾ।
3) ਪੀ.ਐਸ. ਟੂ ਪ੍ਰਮੁੱਖ ਇੰਜੀਨੀਅਰ, ਐਚ.ਆਰ.ਡੀ., ਪੀ.ਐਸ.ਪੀ.ਸੀ.ਐਲ., ਪਟਿਆਲਾ।
4) ਉਪ ਮੁੱਖ ਇੰਜੀਨੀਅਰ/ਆਈ.ਟੀ., ਪੀ.ਐਸ.ਪੀ.ਸੀ.ਐਲ. ਪਟਿਆਲਾ ਨੂੰ ਭੇਜ ਕੇ ਲਿਖਿਆ ਜ਼ਾਦਾ ਹੈ ਕਿ ਇਸ ਦਫਤਰੀ ਹੁਕਮ ਨੂੰ ਪੀ.ਐਸ.ਪੀ.ਸੀ.ਐਲ., ਦੀ ਵੈਬ ਸਾਈਟ ਤੇ ਅੱਪ ਲੋਡ ਕੀਤਾ ਜਾਵੇ।
5) ਲੇਖਾ ਅਫਸਰ/ਤਨਖਾਹ ਤੇ ਲੇਖਾ, ਪੀ.ਐਸ.ਪੀ.ਸੀ.ਐਲ., ਪਟਿਆਲਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਦਫਤਰੀ ਹੁਕਮ ਦਾ ਇੰਦਰਾਜ ਕਰਮਚਾਰੀ ਦੀ ਸੇਵਾ ਪੱਤਰੀ ਵਿੱਚ ਕਰਕੇ ਪੰਨਾ ਨੰਬਰ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।
6) ਸੰਯੁਕਤ ਸਕੱਤਰ ਸੇਵਾਵਾਂ-3, ਪੀ.ਐਸ.ਪੀ.ਸੀ.ਐਲ., ਪਟਿਆਲਾ।
7) ਉਪ ਸਕੱਤਰ/ਸੇਵਾਵਾਂ-2, ਪੀ.ਐਸ.ਪੀ.ਸੀ.ਐਲ, ਪਟਿਆਲਾ।
8) ਏ.ਐਮ.ਐਚ.ਆਰ./ਗਜ਼ਟੀ ਭਾਗ-2, ਪੀ.ਐਸ.ਪੀ.ਸੀ.ਐਲ., ਪਟਿਆਲਾ।
9) ਸ੍ਰੀ ਸੰਤ ਸਿੰਘ ਅਧੀਨ ਸਕੱਤਰ ਸੇਵਾਵਾਂ-1 ਹੁਣ ਉਪ ਸਕੱਤਰ ਸੇਵਾਵਾਂ-2, ਪੀ.ਐਸ.ਪੀ.ਸੀ.ਐਲ. ਪਟਿਆਲਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਨੱਥੀ ਦਫਤਰੀ ਹੁਕਮ ਦੀ ਕਾਪੀ ਪ੍ਰਾਪਤ ਕਰਕੇ ਪ੍ਰਾਪਤੀ ਰਸੀਦ ਇਸ ਦਫਤਰ ਵਿਖੇ ਭੇਜੀ ਜਾਵੇ।

ਉਪ ਮੁੱਖ ਇੰਜੀਨੀਅਰ /ਇੰਨਕੁਆਰੀ,
ਪੀ.ਐਸ.ਪੀ.ਸੀ.ਐਲ. ਪਟਿਆਲਾ।